# 'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਵਿੱਚ ਸਮਾਜਿਕ ਯਥਾਰਥ

**ਡਾ. ਗੁਰਪ੍ਰੀਤ ਕੌਰ**
ਸਹਾਇਕ ਪ੍ਰੋਫ਼ੈਸਰ ਪੰਜਾਬੀ, ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ

**ਅਮੂਰਤ**

'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਵਿੱਚ ਕੁਲਬੀਰ ਬਡੇਸਰੋਂ ਨੇ ਮਨੁੱਖੀ ਮਨ ਦੀਆਂ ਭਾਵਨਾਵਾਂ, ਸੱਧਰਾਂ ਅਤੇ ਇੱਛਾਵਾਂ ਨੂੰ ਬਾਖ਼ੂਬੀ ਰੂਪਮਾਨ ਕੀਤਾ ਹੈ। ਉਸਨੇ ਮਜ਼ਦੂਰ ਵਰਗ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਹੋਏ ਉਹਨਾਂ ਨਾਲ ਇਨਸਾਨੀਅਤ ਨਾਲ ਪੇਸ਼ ਆਉਣ ਦਾ ਸੰਦੇਸ਼ ਦਿੱਤਾ ਹੈ। ਕਹਾਣੀਕਾਰਾਂ ਨੇ ਜਿੱਥੇ ਗਰੀਬ ਮਜ਼ਦੂਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉੱਥੇ ਹੀ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ ਹੈ ਕਿ ਉਨ੍ਹਾਂ ਨੂੰ ਵੀ ਸਾਫ਼-ਸੁਥਰੀ ਜਗ੍ਹਾ ਉੱਤੇ ਰਹਿਣ ਦਾ ਉਨਾ ਹੱਕ ਹੈ ਜਿੰਨ੍ਹਾ ਕਿ ਅਮੀਰ ਲੋਕਾਂ ਨੂੰ ਉਨ੍ਹਾਂ ਦੇ ਵੀ ਮਨ ਦੇ ਅਰਮਾਨ ਹਨ, ਉਹ ਵੀ ਆਪਣਿਆਂ ਨੂੰ ਮਿਲਣਾ ਚਾਹੁੰਦੇ ਹਨ। ਸਾਨੂੰ ਸਾਰਿਆਂ ਦੀਆਂ ਇੱਛਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਦੀ ਨਜ਼ਰ ਵਿੱਚ ਸਾਰੇ ਇਨਸਾਨ ਬਰਾਬਰ ਹਨ।

**ਕੁੰਜੀ ਸ਼ਬਦ:** ਮਜ਼ਦੂਰ, ਭਾਵਨਾਵਾਂ, ਸੱਧਰਾਂ, ਰਿਸ਼ਤੇ, ਵਾਤਾਵਰਨ, ਟਰਿੱਪ।

ਕੁਲਬੀਰ ਬਡੇਸਰੋਂ ਪ੍ਰਸਿੱਧ ਪੰਜਾਬੀ ਲੇਖਿਕਾ ਹੈ, ਜਿਸਨੇ ਅਭਿਨੈ ਦੇ ਖੇਤਰ ਅਤੇ ਪੰਜਾਬੀ ਸਾਹਿਤ ਖ਼ਾਸ ਕਰ ਕਹਾਣੀ ਦੇ ਖੇਤਰ ਮਹੱਤਵਪੂਰਨ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ 'ਦਾਇਰੇ' ਨਾਵਲਿਟ, 'ਇਕ ਖਤ ਪਾਪਾ ਦੇ ਨਾਂਅ' ਕਹਾਣੀ ਸੰਗ੍ਰਹਿ, 'ਮੈਨੂੰ ਪਿਆਰ ਦਿਓ' ਕਹਾਣੀ ਸੰਗ੍ਰਹਿ ਅਤੇ 'ਹਉਕੇ ਦੀ ਭਟਕਣ' ਕਾਵਿ-ਸੰਗ੍ਰਹਿ ਪਾਉਣ ਤੋਂ ਇਲਾਵਾ ਕੁਝ ਰਚਨਾਵਾਂ ਦਾ ਦੂਜੀਆਂ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਸਾਹਿਤ ਨੂੰ ਅਮੀਰੀ ਬਖਸ਼ੀ। ਉਸ ਦੀਆਂ ਕਹਾਣੀਆਂ ਵਿੱਚ ਜਿੱਥੇ ਮਨੁੱਖੀ ਮਨ ਦੀਆਂ ਸੂਖ਼ਮ ਤੇ ਅੰਤਰੀਵੀਂ ਪਰਤਾਂ ਮੂਰਤੀਮਾਨ ਹੁੰਦੀਆਂ ਹਨ ਉੱਥੇ ਹੀ ਉਹ ਆਪਣੀਆਂ ਕਹਾਣੀਆਂ ਵਿੱਚ ਮਨੁੱਖ ਦੀਆਂ ਸੱਧਰਾਂ ਦਾ ਬਿਰਤਾਂਤ ਬੜੇ ਹੀ ਭਾਵੁਕ ਤੇ ਰੌਚਕ ਢੰਗ ਨਾਲ ਰੂਪਮਾਨ ਕਰਦੀ ਹੈ ਜਿਸ ਨਾਲ ਪਾਠਕ ਦੀ ਰੁਚੀ ਅੱਗੇ ਕੀ ਹੋਇਆ ਜਾਨਣ ਲਈ ਬਣੀ ਰਹਿੰਦੀ ਹੈ। ਉਹ ਸਮਾਜਿਕ ਘਟਨਾਵਾਂ ਨਾਲੋਂ ਮਾਨਸਿਕ ਗੁੰਝਲਾਂ ਦੀਆਂ ਕਹਾਣੀਆਂ ਲਿਖਣ ਵਾਲ ਵਧੇਰੇ ਰੁਚਿਤ ਪ੍ਰਤੀਤ ਹੁੰਦੀ ਹੈ।

ਪੜ੍ਹਨ-ਲਿਖਣ ਦਾ ਮਾਹੌਲ ਉਸ ਨੂੰ ਆਪਣੇ ਘਰ ਵਿੱਚ ਬਚਪਨ ਤੋਂ ਹੀ ਮਿਲਿਆ। ਉਸ ਨੇ ਆਪਣੇ ਕਾਲਜ ਸਮੇਂ ਵਿਚ ਹੀ ਸਾਹਿਤ ਸਿਰਜਣਾ ਸ਼ੁਰੂ ਕਰ ਦਿੱਤੀ ਸੀ ਜਿਸ ਬਾਰੇ ਉਹ 'ਤੁਮ ਕਿਉਂ ਉਦਾਸ ਹੋ?' ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਦੀ ਹੈ:

> ਪੜ੍ਹਨ-ਲਿਖਣ ਵਾਲੇ ਮਾਹੌਲ ਦਾ ਅਸਰ ਮੇਰੇ 'ਤੇ ਪਿਆ। ਇਹ ਅੱਜ ਤੋਂ ਸਾਢੇ ਤਿੰਨ ਦਹਾਕੇ ਪਹਿਲਾਂ ਦੀਆਂ ਗੱਲਾਂ ਹਨ, ਜਦ ਮੈਂ ਕਾਲਿਜ 'ਚ ਪੜ੍ਹਦੀ ਸੀ ਤੇ ਮੈਂ ਦੋ ਲੰਬੀਆਂ-ਲੰਬੀਆਂ ਕਹਾਣੀਆਂ ਲਿਖੀਆਂ ਤੇ ਉਨ੍ਹਾਂ ਨੂੰ ਫਿਰ ਇਕ ਨਾਵਲਿਟ ਦੇ ਰੂਪ 'ਚ ਛਪਵਾਇਆ, ਨਾਂਅ ਸੀ 'ਦਾਇਰੇ'।[1]

ਹਥਲੇ ਕਹਾਣੀ ਸੰਗ੍ਰਹਿ 'ਤੁਮ ਕਿਉਂ ਉਦਾਸ ਹੋ' ਵਿੱਚ ਕੁੱਲ 13 ਕਹਾਣੀਆਂ ਸ਼ਾਮਿਲ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਤੁਮ ਕਿਉਂ ਉਦਾਸ ਹੋ' ਵਿੱਚ ਲੇਖਿਕਾ ਨੇ ਮਜ਼ਦੂਰਾਂ ਦੇ ਮਾਨਸਿਕ ਦੁੱਖ ਨੂੰ ਪ੍ਰਗਟ ਕੀਤਾ ਹੈ ਕਿ ਕਿਵੇਂ ਮਜ਼ਦੂਰ ਦਿਨ-ਰਾਤ ਕਈ-ਕਈ ਘੰਟੇ ਗੰਦੀਆਂ ਥਾਵਾਂ 'ਤੇ ਕੰਮ ਕਰਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਰਹਿਣ ਲਈ ਵਧੀਆ ਥਾਂ ਨਹੀਂ ਮਿਲਦੀ ਸਗੋਂ ਇੱਕ-ਇੱਕ ਲਾਈਨ ਵਿੱਚ ਕਈ ਪਤਲੇ-ਪਤਲੇ ਗੱਦੇ

ਵਿਛੇ ਹੁੰਦੇ ਹਨ। ਪੰਜਾਹ ਮਜ਼ਦੂਰ ਤਿੰਨ ਕਮਰਿਆਂ ਵਿੱਚ ਬੜੇ ਔਖੇ ਰਹਿੰਦੇ ਹਨ। ਫਿਰ ਵੀ ਉਹ ਆਪਣੇ ਪਰਿਵਾਰ ਨੂੰ ਪਾਲਣ ਲਈ ਤੰਗੀਆਂ-ਤਰੁਸ਼ੀਆਂ ਸਹਿੰਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ। ਲੇਖਿਕਾ ਲਿਖਦੀ ਹੈ :

> ਪੌੜ੍ਹੀਆਂ ਦੇ ਨਾਲ-ਨਾਲ ਕਮਰੇ ਵੀ ਬਦਬੂਦਾਰ ਸਨ। ਪੌੜ੍ਹੀਆਂ ਤੋਂ ਅੱਗੇ ਇੱਕ ਲੰਮੀ ਲਾਇਨ ਵਿੱਚ ਟੂਟੀਆਂ ਤੇ ਟਾਇਲਟਾਂ ਬਣੀਆਂ ਹੋਈਆਂ ਸਨ ਤੇ ਬਾਥਰੂਮ ਬਣੇ ਹੋਏ ਸਨ, ਪਰ ਇਹ ਟਾਇਲਟਾਂ ਤੇ ਬਾਥਰੂਮ ਤੇ ਵਾਸ਼ਬੇਸਿਨ ਦਾ ਲੰਬਾ ਨਾਲ਼ਾ ਏਨਾ ਗੰਦਾ ਸੀ, ਏਨਾ ਬਦਬੂਦਾਰ ਸੀ ਕਿ ਕੋਈ ਬਾਹਰੋਂ ਆਵੇ ਤਾਂ ਨੱਕ ਅੱਗੇ ਰੁਮਾਲ ਰੱਖੇ ਬਿਨਾਂ ਉੱਥੇ ਖੜ੍ਹਾ ਨਹੀਂ ਹੋ ਸਕਦਾ ਸੀ। ਪਰ ਇਹ ਮਜ਼ਦੂਰ ਲੋਕ ਬੜੇ ਅਰਾਮ ਨਾਲ ਨੰਗੇ ਪੈਰਾਂ ਨਾਲ ਏਥੇ ਘੁੰਮ ਰਹੇ ਸਨ ਤੇ ਗਿੱਲੇ ਪੈਰਾਂ ਨਾਲ ਹੀ ਅੱਗੇ ਜਿੱਥੇ ਮਿਠਾਈ ਬਣਾਈ ਜਾਂਦੀ ਸੀ, ਵੱਲ ਚਲੇ ਜਾਂਦੇ ਸਨ।[2]

ਜਿੱਥੇ ਮਜ਼ਦੂਰ ਇੰਨੇ ਗੰਦੇ ਵਾਤਾਵਰਨ ਵਿੱਚ ਰਹਿਣ ਲਈ ਮਜ਼ਬੂਰ ਹੁੰਦੇ ਹਨ ਉਥੇ ਹੀ ਮਾਲਕ ਆਪਣੀ ਅਮੀਰੀ ਦਾ ਰੋਹਬ ਦਿਖਾਉਂਦੇ ਹੋਏ ਆਪਣੇ ਲਈ ਅਲੱਗ ਤੇ ਵਧੀਆ ਸਹੂਲਤਾਂ ਰੱਖਦੇ ਹਨ। ਮਠਿਆਈ ਬਣਾਉਣ ਵਾਲੀ ਫੈਕਟਰੀ ਦਾ ਮਾਲਕ ਕਦੇ ਕਦਾਈਂ ਫੈਕਟਰੀ 'ਚ ਗੇੜੇ ਮਾਰਦਾ ਸੀ ਪਰੰਤੂ ਉਸ ਲਈ ਵਧੀਆ ਟਾਇਲਟ ਤੇ ਬਾਥਰੂਮ ਬਣਿਆ ਹੋਇਆ ਸੀ ਜਿਸ ਨੂੰ ਤਾਲਾ ਲੱਗਾ ਰਹਿੰਦਾ ਸੀ ਜੋ ਕੇ ਮਾਲਿਕ ਦੇ ਆਏ ਤੋਂ ਹੀ ਖੋਲਿਆ ਜਾਂਦਾ ਸੀ। ਫੈਕਟਰੀ ਵਿੱਚ ਮੈਨੇਜਰ ਤੇ ਦੋ ਉਸ ਦੇ ਅਸਿਸਟੈਂਟ ਵੀ ਸਨ ਜੋ ਕਿ ਸਵੇਰੇ ਆ ਕੇ ਘਰ ਵਾਪਸ ਚਲੇ ਜਾਂਦੇ ਸਨ ਪਰੰਤੂ ਇਸ ਫੈਕਟਰੀ ਵਿਚ ਕੰਮ ਕਰਨ ਵਾਲੇ ਸਾਰੇ ਮਜ਼ਦੂਰ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਸੀ, ਉਹ ਯੂ. ਪੀ. ਬਿਹਾਰ ਤੋਂ ਆਏ ਹੋਏ ਸਨ ਅਤੇ ਫੈਕਟਰੀ ਦੇ ਵਿੱਚ ਹੀ ਰਹਿਣ ਲਈ ਮਜ਼ਬੂਰ ਸਨ। ਉਨ੍ਹਾਂ ਨੂੰ ਕਿਸੇ ਤਿਉਹਾਰ 'ਤੇ ਵੀ ਛੁੱਟੀ ਨਹੀਂ ਸੀ ਮਿਲਦੀ ਸਗੋਂ ਇਹੋ ਜਿਹੇ ਵਿਸ਼ੇਸ਼ ਮੌਕਿਆਂ 'ਤੇ ਦਿਨ-ਰਾਤ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਦੀ ਤਨਖਾਹ ਵੀ ਬਹੁਤ ਘੱਟ ਸੀ ਤੇ ਸਾਲ ਵਿਚ ਸਿਰਫ਼ ਇੱਕ ਮਹੀਨੇ ਦੀ ਛੁੱਟੀ ਮਿਲਦੀ ਸੀ ਜਿਸਦੇ ਚਾਅ ਵਿੱਚ ਉਹ ਖੁਸ਼ੀ-ਖੁਸ਼ੀ ਕੰਮ ਕਰੀ ਜਾ ਰਹੇ ਸਨ।

ਇਕ ਵਾਰ ਇਕ ਯੂਨਿਟ ਮਜ਼ਦੂਰਾਂ 'ਤੇ ਫ਼ਿਲਮ ਬਣਾਉਣ ਲਈ ਮਠਿਆਈ ਬਨਾਉਣ ਵਾਲੀ ਫੈਕਟਰੀ ਵਿੱਚ ਆਈ ਉਹ ਆਪਣੇ ਨਾਲ ਇੱਕ ਛੋਟੀ ਉਮਰ ਦੀ ਕਲਾਕਾਰ ਲੜਕੀ ਲੈ ਕੇ ਆਏ। ਫ਼ਿਲਮ ਵਿਚ ਮਜ਼ਦੂਰ ਦਾ ਰੋਲ ਅਦਾ ਕਰਨ ਲਈ ਉਨ੍ਹਾਂ ਨੂੰ ਕਿਸੇ ਮਜ਼ਦੂਰ ਦੀ ਲੋੜ ਮਹਿਸੂਸ ਹੋਈ ਹੈ ਫਿਰ ਉਨ੍ਹਾਂ ਫੈਕਟਰੀ ਵਿਚੋਂ ਹੀ ਇਕ ਲੜਕੇ ਨੂੰ ਇਸ ਰੋਲ ਲਈ ਚੁਣਨਾ ਸੀ। ਮੈਨੇਜਰ ਇੱਕ ਤੇਜ਼ ਤਰਾਰ ਲੜਕੇ ਨੂੰ ਲੈਣ ਲਈ ਕਹਿੰਦਾ ਹੈ ਜੋ ਉਸ ਅਨੁਸਾਰ ਸਾਰੇ ਡਾਇਲਾਗ ਆਸਾਨੀ ਨਾਲ ਬੋਲ ਦੇਵੇਗਾ। ਪਰ ਫਿਲਮ ਦੇ ਡਾਇਰੈਕਟਰ ਨੂੰ ਇੱਕ ਹੋਰ ਲੜਕਾ ਪਸੰਦ ਆ ਗਿਆ ਜੋ ਬੜਾ ਸ਼ਰਮਾਕਲ ਜਿਹਾ ਸੀ। ਡਾਇਰੈਕਟਰ ਨੇ ਮੁੰਡੇ ਨੂੰ ਪੁੱਛਿਆ:

> "ਤੁਮ ਫ਼ਿਲਮ ਮੇਂ ਕਾਮ ਕਰੋਗੇ? ਬਸ ਦੋ ਚਾਰ ਡਾਇਲਾਗ ਬੋਲਨੇ ਹੈਂ, ਬੋਲੋਗੇ?"[3]

ਲੜਕਾ ਹਾਂ ਕਰ ਦਿੰਦਾ ਹੈ। ਉਸਦੇ ਅੰਦਰ ਆਪਣੇ ਪਿੰਡ ਜਾਣ ਦੀਆਂ ਸੱਧਰਾਂ ਹੁੰਦੀਆਂ ਹਨ ਕਿਉਂਕਿ ਉਸ ਨੂੰ ਆਪਣੇ ਪਿੰਡ ਗਿਆ ਨੂੰ ਬਹੁਤ ਸਮਾਂ ਲੰਘ ਗਿਆ ਸੀ ,ਉਹ ਪਿੰਡ ਜਾ ਕੇ ਆਪਣੀ ਮਾਂ ਨੂੰ ਮਿਲਣਾ ਚਾਹੁੰਦਾ ਸੀ। ਜਦੋਂ ਉਹ ਲੜਕੀ ਡਾਇਲਾਗ ਬੋਲਦੀ ਹੈ ਕਿ ਤੁਮ ਕਿਉਂ ਉਦਾਸ ਹੋ ਤਾਂ ਉਸਨੂੰ ਅੰਦਰੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਹ ਲੜਕੀ ਉਸਦੀ ਹਮਦਰਦ ਹੋਵੇ ਤੇ ਉਸਨੂੰ ਉਸਦੇ ਦਰਦ ਦਾ ਅਨੁਭਵ ਹੈ ਤਾਂ ਉਸਦਾ ਮਨ ਭਰ ਆਉਂਦਾ ਹੈ ਤੇ ਉਹ ਕੁਝ ਨਹੀਂ ਬੋਲ ਪਾਉਂਦਾ। ਡਾਇਰੈਕਟਰ ਨੂੰ ਉਸ ਲੜਕੇ ਦੀ ਜਜ਼ਬਾਤ ਸੱਚੇ ਲੱਗਦੇ ਹਨ ਤਾਂ ਉਹ ਲੜਕੇ ਵਾਲੇ ਡਾਇਲਾਗ ਵੀ ਲੜਕੀ ਨੂੰ ਹੀ ਬੋਲਣ ਲਈ ਦੇ

ਦਿੰਦਾ ਹੈ ਪਰ ਉਸ ਦੀ ਥਾਂ ਕਿਸੇ ਹੋਰ ਮਜ਼ਦੂਰ ਨੂੰ ਇਸ ਰੋਲ ਲਈ ਲੈਣ ਨੂੰ ਨਹੀਂ ਮੰਨਦਾ। ਅਗਲੇ ਦਿਨ ਲੜਕਾ ਚਾਹੁੰਦਾ ਹੈ ਕਿ ਫਿਰ ਉਸਨੂੰ ਉਹ ਲੜਕੀ ਉਸਦੇ ਦਿਲ ਦਾ ਹਾਲ ਪੁੱਛੇ ਕਿ ਤੁਮ ਕਿਉਂ ਉਦਾਸ ਹੋ ਪਰੰਤੂ ਉਹ ਸੀਨ ਪੂਰਾ ਹੋ ਜਾਂਦਾ ਹੈ ਅਤੇ ਉਹ ਯੂਨਿਟ ਵਾਪਸ ਜਾਣ ਲੱਗਦੀ ਹੈ। ਲੜਕਾ ਉਸ ਲੜਕੀ ਨੂੰ ਆਪ ਬਣਾਇਆ ਪਿਸਤਾ ਦੇਣਾ ਚਾਹੁੰਦਾ ਹੈ ਪਰੰਤੂ ਉਸ ਦੇ ਕਿਰਦਾਰ ਨੂੰ ਗਲਤ ਸਮਝਦੇ ਹੋਏ ਉਸ ਦੀ ਕੁੱਟ ਮਾਰ ਕੀਤੀ ਜਾਂਦੀ ਹੈ। ਸਾਰੇ ਲੜਕੇ ਦੀ ਕੁੱਟਮਾਰ ਦਾ ਤਮਾਸ਼ਾ ਦੇਖਦੇ ਹਨ ਕੋਈ ਉਸਦੇ ਮਨ ਦੀਆਂ ਸੱਧਰਾਂ ਨੂੰ ਨਹੀਂ ਸਮਝਦਾ। ਕਹਾਣੀਕਾਰਾ ਨੇ ਇਸ ਕਹਾਣੀ ਵਿੱਚ ਜਿੱਥੇ ਗਰੀਬ ਮਜ਼ਦੂਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉੱਥੇ ਹੀ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ ਹੈ ਕਿ ਉਨ੍ਹਾਂ ਨੂੰ ਵੀ ਸਾਫ਼-ਸੁਥਰੀ ਜਗ੍ਹਾ ਉੱਤੇ ਰਹਿਣ ਦਾ ਉਨਾ ਹੱਕ ਹੈ ਜਿੰਨ੍ਹਾ ਕਿ ਅਮੀਰ ਲੋਕਾਂ ਨੂੰ। ਉਨ੍ਹਾਂ ਦੇ ਵੀ ਮਨ ਦੇ ਅਰਮਾਨ ਹਨ ,ਉਹ ਵੀ ਆਪਣਿਆਂ ਨੂੰ ਮਿਲਣਾ ਚਾਹੁੰਦੇ ਹਨ। ਸਾਨੂੰ ਸਾਰਿਆਂ ਦੀਆਂ ਇੱਛਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਦੀ ਨਜ਼ਰ ਸਾਰੇ ਇਨਸਾਨ ਬਰਾਬਰ ਹਨ।

'ਸਕੂਲ ਟਰਿੱਪ' ਨਾਮੀ ਕਹਾਣੀ ਵਿੱਚ ਕਹਾਣੀਕਾਰਾ ਨੇ ਇਕ ਲੜਕੀ ਦੇ ਸਕੂਲ ਦੇ ਟੂਰ 'ਤੇ ਜਾਣ ਦੀ ਇੱਛਾ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ। ਲੜਕੀ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਇਸ ਵਾਰ ਉਹ ਸਕੂਲ ਟਰਿੱਪ ਜ਼ਰੂਰ ਜਾਣਾ ਚਾਹੁੰਦੀ ਹੈ ਕਿਉਂਕਿ ਪਿਛਲੀ ਵਾਰ ਵੀ ਉਹ ਆਪਣੇ ਦੋਸਤਾਂ ਨਾਲ ਟੂਰ 'ਤੇ ਨਹੀਂ ਜਾ ਸਕੀ ਸੀ। ਪਰੰਤੂ ਉਸ ਦੀ ਮੰਮੀ ਅੰਜਲੀ ਪੈਸਿਆਂ ਦੀ ਤੰਗੀ ਕਾਰਨ ਉਸ ਨੂੰ ਇਸ ਵਾਰ ਵੀ ਟੂਰ 'ਤੇ ਨਾ ਜਾਣ ਦੇ ਬਹਾਨੇ ਲਾਉਂਦੀ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਟੂਰ ਦਾ ਖਰਚਾ ਚਾਰ ਹਜ਼ਾਰ ਰੁਪਏ ਹੈ। ਬੇਟੀ ਉਸ ਦੇ ਦਿਲ ਦੀ ਜਾਣ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਉਹ ਖੁਦ ਹੀ ਨਹੀਂ ਜਾਣਾ ਚਾਹੁੰਦੀ ਅਤੇ ਉਹ ਅਗਲੇ ਸਾਲ ਤੇ ਜਾਣ ਲਈ ਪੈਸੇ ਇਕੱਠੇ ਕਰੇਗੀ ਅਤੇ ਆਪਣੇ ਦੋਸਤਾਂ ਨਾਲ ਜਾਵੇਗੀ। ਅੰਜਲੀ ਨੂੰ ਦੁੱਖ ਹੁੰਦਾ ਹੈ ਹਰ ਸਾਲ ਆਪਣੀ ਬੇਟੀ ਨੂੰ ਟੂਰ 'ਤੇ ਨਾ ਜਾਣ ਲਈ ਬਹਾਨੇ ਲਾਉਂਦਿਆ ਪਰ ਨਾਲ ਹੀ ਉਸਨੂੰ ਆਪਣੇ ਆਪ ਤੇ ਮਾਣ ਵੀ ਹੁੰਦਾ ਹੈ ਕਿ ਉਸਨੇ ਆਪਣੀਆਂ ਬੇਟੀਆਂ ਦਾ ਪਾਲਣ ਪੋਸ਼ਣ ਵਧੀਆ ਢੰਗ ਨਾਲ ਕੀਤਾ ਹੈ ਕਿਉਂਕਿ ਉਸ ਦੀਆਂ ਬੇਟੀਆਂ ਹਮੇਸ਼ਾ ਪੜ੍ਹਾਈ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਪਹਿਲੇ ਨੰਬਰ 'ਤੇ ਆਉਂਦੀਆਂ ਸਨ। ਅੰਜਲੀ ਦੇ ਚਾਰ ਭਰਾ ਅਤੇ ਤਿੰਨ ਭੈਣਾਂ ਹੁੰਦੀਆਂ ਹਨ ਜੋ ਕਿ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਸਨ ਅਤੇ ਜਿਨ੍ਹਾਂ ਦੀ ਆਰਥਿਕ ਹਾਲਤ ਬਹੁਤ ਵਧੀਆ ਹੁੰਦੀ ਹੈ ਪਰ ਉਹ ਕਦੇ ਉਸ ਦੀ ਮੱਦਦ ਨਹੀਂ ਕਰਦੇ ਕਰਮਜੀਤ ਨਾਮੀ ਵਿਅਕਤੀ ਜੋ ਉਸਦੇ ਮਹਿਕਮੇ ਦੇ ਮੁੱਖ ਦਫ਼ਤਰ ਵਿੱਚ ਹੀ ਸੀ, ਭਰਾਵਾਂ ਵਾਂਗ ਉਸਦਾ ਸਾਥ ਦਿੰਦਾ ਸੀ। ਕਰਮਜੀਤ ਬਾਰੇ ਅੰਜਲੀ ਕਹਿੰਦੀ ਹੈ:

> ਦੁਨੀਆਂ ਵਿੱਚ ਇਹੋ ਜਿਹੇ ਇਨਸਾਨ ਵੀ ਹੁੰਦੇ ਹਨ, ਹਮਦਰਦ, ਨਿਰਸੁਆਰਥ,
> ਜ਼ਿੰਦਾ ਦਿਲ, ਹੌਂਸਲਾ ਦੇਣ ਵਾਲੇ, ਪਾਜ਼ੀਟਿਵ ਗੱਲਾਂ ਕਰਨ ਵਾਲੇ ਤੇ ਜ਼ਿਆਦਾ
> ਡੂੰਘਾਈ ਚ ਨਾ ਜਾਣ ਵਾਲੇ।[4]

ਇਸ ਕਹਾਣੀ ਵਿੱਚ ਕਹਾਣੀਕਾਰਾ ਨੇ ਰਿਸ਼ਤਿਆਂ ਦੇ ਸਹੀ ਅਰਥ ਸਮਝਾਏ ਹਨ ਕਿ ਰਿਸ਼ਤੇ ਉਹ ਹੁੰਦੇ ਹਨ ਜੋ ਬਿਨਾਂ ਸਵਾਰਥ ਦੇ ਹਰ ਦੁੱਖ-ਸੁੱਖ ਦੇ ਸਾਥੀ ਹੋਣ ਭਾਵੇਂ ਕਿ ਉਨ੍ਹਾਂ ਨਾਲ ਸਾਡਾ ਖੂਨ ਦਾ ਰਿਸ਼ਤਾ ਨਾ ਵੀ ਹੋਵੇ। ਕਈ ਵਾਰ ਸਾਡੇ ਭੈਣ-ਭਰਾ ਸਾਡੇ ਲਈ ਉਹ ਨਹੀਂ ਕਰਦੇ ਜੋ ਕੋਈ ਗੈਰ ਹੁੰਦਿਆਂ ਵੀ ਕਰ ਦਿੰਦਾ ਹੈ। ਉਹੀ ਰੋਲ ਇਸ ਕਹਾਣੀ ਵਿੱਚ ਕਰਨਜੀਤ ਨਿਭਾਉਂਦਾ ਹੈ। ਉਹ ਅੰਜਲੀ ਨੂੰ ਆਪਣੇ ਆਪ ਨੂੰ ਆਪਣਾ ਭਰਾ ਸਮਝਣ ਲਈ ਕਹਿੰਦਾ ਹੈ ਅਤੇ ਅੰਜਲੀ ਦੀਆਂ ਬੇਟੀਆਂ ਨੂੰ ਚੰਗੇ ਨੰਬਰਾਂ ਨਾਲ ਪਾਸ ਹੋਣ 'ਤੇ ਤੋਹਫ਼ੇ ਦੇ ਰੂਪ ਵਿੱਚ ਉਨ੍ਹਾਂ ਲਈ ਕੁਝ ਰੁਪਏ ਭੇਜਦਾ ਹੈ। ਅੰਜਲੀ ਦੀਆਂ ਬੇਟੀਆਂ ਉਸਨੂੰ ਆਪਣਾ ਮਾਮਾ ਕਹਿੰਦੀਆਂ ਹਨ ਸ਼ਾਇਦ ਜਿਸ ਦੇ ਭੇਜੇ ਰੁਪਇਆਂ ਨੂੰ ਜੋੜ ਕੇ ਉਹ ਆਪਣੇ ਮਨ ਦੀ ਸੱਧਰ ਸਕੂਲ ਟਰਿੱਪ 'ਤੇ ਜਾਣ ਦੀ ਪੂਰੀ ਕਰ ਸਕਦੀਆਂ ਸਨ।

'ਮਾਂ ਨੀ!'ਕਹਾਣੀ ਵਿੱਚ ਵੀ ਕਹਾਣੀਕਾਰਾ ਨੇ ਇੱਕ ਧੀ ਰਾਹੀਂ ਉਸਦੀ ਮਾਂ ਦੀਆਂ ਇੱਛਾਵਾਂ, ਸੱਧਰਾਂ ਅਤੇ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਬਿਰਤਾਂਤ ਨੂੰ ਮੂਰਤੀਮਾਨ ਕੀਤਾ ਹੈ। ਇੱਕ ਮਾਂ ਜੋ ਆਪਣੀ ਅਤੇ ਆਪਣੀ ਹੋਣ ਵਾਲੀ ਧੀ ਦੀ ਜਾਨ ਬਚਾਉਣ ਲਈ ਆਪਣੇ ਲਾਲਚੀ ਸਹੁਰਿਆਂ ਦੇ ਘਰੋਂ ਭੱਜ ਆਉਂਦੀ ਹੈ। ਉਹ ਆਪਣੀ ਧੀ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰਦੀ ਹੈ। ਉਸਦੀ ਧੀ ਉਸਦੇ ਅਰਮਾਨਾਂ ਨੂੰ ਪੂਰਾ ਕਰਨਾ ਚਾਹੁੰਦੀ ਹੈ। ਉਹ ਆਪਣੀ ਮਾਂ ਨੂੰ ਡਰ ਭਰਿਆ ਜੀਵਨ ਬਤੀਤ ਕਰਦੀ ਨਹੀਂ ਦੇਖਣਾ ਚਾਹੁੰਦੀ ਸਗੋਂ ਚਾਹੁੰਦੀ ਹੈ ਕਿ ਉਸਦੀ ਮਾਂ ਆਪਣੀ ਜ਼ਿੰਦਗੀ ਜੀਅ ਭਰ ਕੇ ਖੁਸ਼ੀ-ਖੁਸ਼ੀ ਜੀਵੇ। ਇਸ ਲਈ ਜਦੋਂ ਉਸਦੇ ਮਾਮਾ ਤੇ ਮਾਸੀ ਉਸਦੇ ਵਿਆਹ ਦੀਆਂ ਗੱਲਾਂ ਕਰਦੇ ਹਨ ਤਾਂ ਉਹ ਕਹਿੰਦੀ ਹੈ ਕਿ ਸਭ ਤੋਂ ਪਹਿਲਾ ਉਸਨੇ ਆਪਣੀ ਮਾਂ ਦਾ ਵਿਆਹ ਕਰਨਾ ਹੈ।

ਅੰਤ ਵਿੱਚ ਉਪਰੋਕਤ ਸਾਰੀ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਕੁਲਬੀਰ ਬਡੇਸਰੋਂ ਨੇ 'ਤੁਮ ਕਿਉਂ ਉਦਾਸ ਹੋ' ਕਹਾਣੀ ਸੰਗ੍ਰਹਿ ਦੀਆਂ ਲਗਭਗ ਸਾਰੀਆਂ ਕਹਾਣੀਆਂ ਵਿੱਚ ਹੀ ਮਨੁੱਖੀ ਮਨ ਦੀਆਂ ਸੱਧਰਾਂ, ਭਾਵਨਾਵਾਂ ਅਤੇ ਇੱਛਾਵਾਂ ਦੇ ਬਿਰਤਾਂਤ ਨੂੰ ਬਾਖ਼ੂਬੀ ਰੂਪਮਾਨ ਕੀਤਾ ਹੈ। ਉਹ ਮਨੁੱਖ ਅੰਦਰ ਦੱਬੇ ਜਜ਼ਬਿਆਂ ਨੂੰ ਨਿਵੇਕਲੇ ਢੰਗ ਨਾਲ ਦ੍ਰਿਸ਼ਟੀਗੋਚਰ ਕਰਦੀ ਹੈ, ਜਿਸ ਨਾਲ ਉਹ ਪਾਠਕਾਂ ਨੂੰ ਚੌਂਕਾਉਣ ਅਤੇ ਆਪਣੀ ਗੱਲ ਕਹਿਣ ਵਿੱਚ ਸਫ਼ਲ ਰਹਿੰਦੀ ਹੈ।

**ਹਵਾਲੇ ਅਤੇ ਟਿੱਪਣੀਆਂ :**

1. ਕੁਲਬੀਰ ਬਡੇਸਰੋਂ, ਤੁਮ ਕਿਉਂ ਉਦਾਸ ਹੋ?, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2021, ਪੰਨਾ-10
2. ਉਹੀ, ਪੰਨਾ-15
3. ਉਹੀ, ਪੰਨਾ-19
4. ਉਹੀ, ਪੰਨਾ-31